# ਨਜ਼ਾਕਤਾਂ

ਨਿਰਮਲ ਜਸਵਾਲ (ਰਾਣਾ)



# ਨਜ਼ਾਕਤਾਂ

ਨਿਰਮਲ ਜਸਵਾਲ ਰਾਣਾ (ਡਾ.)

**ਇਸੇ ਕਲਮ ਤੋਂ :**

1. ਇਕ ਚੁੱਪ ਜਿਹੀ ਕੁੜੀ (ਕਹਾਣੀ ਸੰਗ੍ਰਹਿ) 2000 ਅਤੇ 2002
2. ਮੱਛੀਆਂ ਕੱਚ ਦੀਆਂ (ਕਹਾਣੀ ਸੰਗ੍ਰਹਿ) 2004
3. ਕਥਾ ਸਾਗਰ (ਸੰਪਾਦਨਾ ਚੰਡੀਗੜ੍ਹ ਸਾਹਿਤ ਅਕਾਦਮੀ ਵਲੋਂ) 2009
4. ਡੀਨਾ ਤੇ ਸਿਲਕੀ (ਬਾਲ ਕਥਾ-ਹਿੰਦੀ ਅਤੇ ਪੰਜਾਬੀ ਭਾਸ਼ਾ ਵਿਚ ) 2011
5. ਰੇਤ ਕਾ ਰਿਸ਼ਤਾ (ਹਿੰਦੀ ਕਹਾਣੀ ਸੰਗ੍ਰਹਿ) 2012
   (ਚੰਡੀਗੜ੍ਹ ਸਾਹਿਤ ਅਕਾਦਮੀ ਵਲੋਂ ਸਨਮਾਨਿਤ)
6. ਅੰਗਾਰ 2013

ਆਪਣੇ ਅੰਦਰਲੀ ਖੂਬਸੂਰਤ,

ਬੇਬਾਕ, ਸੰਵੇਦਨਸ਼ੀਲ,

ਨਾਜ਼ੁਕ ਅਤੇ ਨੀਲਕੰਠੀ ਨਜ਼ਾਕਤਾਂ ਦਾ

ਦੀਦਾਰ ਕਰਾਉਣ ਵਾਲੀ ਲੇਖਿਕਾ ਦੇ ਨਾਂ

# ਤਤਕਰਾ


- ਸੱਚੋ-ਸੱਚੀ 9
- 'ਇਹ ਉਮਰ ਨਹੀਂ—ਅੱਗ ਦਾ ਦਰਿਆ ਹੈ' 20
- ਪਤੀ-ਪਤਨੀ ਅਜੀਜ਼ ਵੀ ਨਾ-ਪਸੰਦ ਵੀ 26
- ਸ਼ਿਕਾਰਣਾਂ 30
- ਮੇਰੇ ਪਿਆਰ ਦੇ ਰੰਗ 37
- ਔਰਤ ਦੀ ਕੋਈ ਜਾਤ ਨਹੀਂ 41
- ਔਰਤ ਤੇ ਮਰਦ ਤੋਂ ਬਿਨਾਂ—ਸੰਸਾਰ ਦੀ ਕੋਈ ਹੋਂਦ ਨਹੀਂ 44
- ਮੇਰੇ ਪਾਤਰ 51
- ਮੇਰੀ ਕਲਮ ਦੀ ਸਾਂਝ ਮੇਰਾ ਕਮਰਾ 58
- ਮੈਂ ਅਤੇ ਮੇਰੀਆਂ ਕਹਾਣੀਆਂ 64
- ਅਸਲੀ ਨਾਰੀ-ਪਾਤਰ 71
- ਮੁਹੱਬਤ ਤੇ ਅੱਗ : ਪ੍ਰੇਮ ਪ੍ਰਕਾਸ਼ 76
- ਕਹਾਣੀ ਵਰਗੀ ਸੁਖਵੰਤ ਕੌਰ ਮਾਨ ਨਾਲ ਗੱਲਾਂ 87
- ਲੋਕੇਂਦਰ : ਕਲਾ ਹੀ ਜਿਸ ਲਈ ਸਭ ਕੁਝ ਹੈ 97
- ਜ਼ਿੰਦਗੀ ਨੂੰ ਤਲਾਸ਼ਦੀ : ਬਲਬੀਰ ਕੌਰ ਸੰਘੇੜਾ 103
- ਕੇਹਰ ਸ਼ਰੀਫ 115
- ਸੱਤ ਕਵੰਜਾ 119

# ਸੱਚੋ-ਸੱਚੀ

o ਇਸ ਉਮਰ ਵਿਚ ਆਦਮੀ ਰੰਗੀਨ-ਮਿਜ਼ਾਜ ਤੇ ਸਨਕੀ ਹੋ ਜਾਂਦਾ ਹੈ। ਉਹਨੂੰ ਠਰਕ ਭੋਰਨ ਦੀ ਅਦਾ ਆ ਜਾਂਦੀ ਹੈ। ਮੇਰੇ ਨਾਲ ਅਤੇ ਮੇਰੀਆਂ ਕਈ ਸਹੇਲੀਆਂ ਨਾਲ ਭਾਵੇਂ ਕਈ ਤਰ੍ਹਾਂ ਦੇ ਅਨੁਭਵ ਹੋਏ ਹਨ ਪਰ ਇਹ ਨਿਰਭਰ ਕਰਦਾ ਹੈ ਕਿ ਉਨ੍ਹਾਂ ਕਿਸ ਤਰ੍ਹਾਂ ਰਿਐਕਟ ਕੀਤਾ। ਮੈਂ ਕਿਸੇ ਵੀ ਗੱਲ ਨੂੰ ਤੂਲ ਨਹੀਂ ਦਿੰਦੀ ਕਿਉਂਕਿ ਮੇਰੀ ਛੇਵੀਂ ਇੰਦਰੀ ਅਤੇ ਮਨ ਸੁਚੇਤ ਤੇ ਸਜਗ ਰਹਿੰਦਾ ਹੈ ਤੇ ਮੈਂ ਉਸ ਵਿਚ ਵੀ ਇਕ ਲੁਤਫ ਹੀ ਪ੍ਰਾਪਤ ਕਰਦੀ ਹਾਂ।

ਪ੍ਰੌੜ੍ਹ ਅਵਸਥਾ ਵਿਚ ਭਾਵੇਂ ਲਗਦਾ ਹੈ ਕਿ ਮਨ, ਸਰੀਰ, ਪਰਾਣ ਸਭ ਕੁਝ ਸ਼ਾਂਤ ਨੇ। ਬੰਦਾ ਪ੍ਰੋੜ੍ਹ, ਮਤਲਬ ਸਿਆਣਾ ਹੋ ਗਿਆ ਹੈ। ਪਰੰਤੂ ਮੈਨੂੰ ਜਾਪਦਾ ਹੈ ਕਿ ਇਹੀਓ ਉਮਰ ਦਾ ਅਸੰਤੁਲਤ ਪੜਾਅ ਹੈ ਜਿੱਥੇ ਆਦਮੀ ਚੰਚਲ ਬਣ ਜਾਂਦਾ ਹੈ ਤੇ ਭਟਕਣਾ ਵੀ ਚਾਹੁੰਦਾ ਹੈ। ਜੇਕਰ ਭਟਕੇਗਾ ਨਹੀਂ ਤਾਂ ਜੀਵੰਤ ਕਿਵੇਂ ਰਹੂ-ਖਾਣਾ-ਪੀਣਾ-ਸੌਣਾ ਹੀ ਜ਼ਿੰਦਗੀ ਨਹੀਂ ਰਹਿੰਦੀ। ਇਸ ਉਮਰ ’ਚ ਬੰਦਾ ਸੈਂਸਟਿਵ ਹੋ ਜਾਂਦਾ ਹੈ ਤੇ ਇਕਦਮ ਰੀਐਕਟ ਕਰਦਾ ਹੈ।

’ਕੱਲੀ ਹੋਣ ਕਰਕੇ ਮੇਰੇ ਨਾਲ ਬੜਾ ਕੁਝ ਵਾਪਰਦਾ ਹੈ, ਬੜਾ ਕੁਝ ਵੇਖਣ ਨੂੰ ਮਿਲਦਾ ਹੈ। ਇਸ ਜ਼ਿੰਦਗੀ ਦੇ ਨਜ਼ਾਰੇ ਹੀ ’ਕੱਲੇ ਹੋਣ ਨਾਲ ਮਿਲਦੇ ਹਨ—ਭਾਵੇਂ ’ਕੱਲਾ ਹੋਣਾ ਕੋਈ ਚੋਣ ਨਹੀਂ ਹੁੰਦੀ ਅਤੇ ਤਨ-ਮਨ ਲਈ ਵੀ ਚੰਗੀ ਸੋਚ ਨਹੀਂ।

ਮੈਂ ‘ਕਾਕਟੇਲ’ ਅਤੇ ‘ਜਸ਼ਨ’ ਕਹਾਣੀਆਂ ਵਿਚ ਵੱਡੀ ਉਮਰ ਦੇ ਮਰਦਾਂ ਦੀ ਸੋਚ ਦਾ, ਉਨ੍ਹਾਂ ਦੇ ਕਾਰ-ਵਿਹਾਰ ਦਾ ਮਨੋਵਿਗਿਆਨਕ ਵਿਸ਼ਲੇਸ਼ਣ ਕੀਤਾ ਹੈ। ਉਨ੍ਹਾਂ ਤੋਂ ਕਈ ਵਾਰੀ ਬੜੀ ਅਜੀਬ, ਸ਼ਰਾਰਤੀ ਹਾਸੋਵਿੰਨ੍ਹੀ, ਜਾਣ ਬੁੱਝ ਕੇ ਜਾਂ ਐਵੇਂ ਵਾਸਨਾਤਮਕ ਹਰਕਤਾਂ ਹੋ ਜਾਂਦੀਆਂ ਨੇ। ਲਗਦੈ ਕਿ ਮਨ ਵਿਚ ਕੋਈ ਅਦਿੱਖ ਭੁੱਖ ਹੈ, ਜਿਸਦੀ ਪੂਰਤੀ ਕਈ ਤਰ੍ਹਾਂ ਦੀਆਂ ਹਰਕਤਾਂ ਕਰਕੇ ਕਰਨ ਦੀ ਚੇਸ਼ਟਾ ਕੀਤੀ ਜਾਂਦੀ ਹੈ।

o ਖੈਰ! ਬੁੜ੍ਹਿਆਂ ਦੀਆਂ ਤਾਂ ਗੱਲਾਂ ਹੀ ਗੱਲਾਂ ਨੇ-ਚਟਖਾਰੇ ਲਈ ਵੀ ਤੇ ਜੀਉਣ ਲਈ ਵੀ। ਇਨ੍ਹਾਂ ਦੀ ਸੰਗਤ ਵਿਚ ਕੋਈ ਖਤਰਾ ਨਹੀਂ—ਇਹ ਆਪਣੀ ਉਮਰ ਨਾਲ ਸਿਆਣੇ ਤਾਂ ਹੁੰਦੇ ਹੀ ਹਨ—ਸਾਨੂੰ ਥੋੜ੍ਹੀ ਸਿਆਣਪ ਦੀ ਲੋੜ ਹੈ।

ਕਈ ਵਾਰੀ ਬੜਾ ਮਜ਼ਾ ਵੀ ਆਉਂਦਾ ਹੈ। ਬੁੜ੍ਹਿਆਂ ਤੋਂ ਮੈਂ ਕਦੇ ਵੀ ਨਹੀਂ ਡਰੀ। ਮੈਂ ਉਸ ਵੇਲੇ ਇੰਜ ਹੋ ਜਾਂਦੀ ਹਾਂ ਜਿਵੇਂ ਮੈਨੂੰ ਪਤਾ ਹੀ ਨਹੀਂ ਕਿ ਆਲੇ-ਦੁਆਲੇ ਕੀ ਵਾਪਰ ਰਿਹਾ ਹੈ ਜਾਂ ਸਾਹਮਣੇ ਬੈਠਾ ਬਜ਼ੁਰਗ ਮੈਥੋਂ ਕੁਝ ਚਾਹੁੰਦਾ ਵੀ ਹੈ ਜਾਂ ਉਹ ਮੇਰੇ ਇਸ ਅਨਜਾਣਪੁਣੇ ਦਾ ਫਾਇਦਾ ਉਠਾ ਰਿਹਾ ਹੈ। ਇਕ ਘਟਨਾ ਦਸਦੀ ਹਾਂ.......

ਇਕ ਵਾਰ ਪ੍ਰੈਸ ਕਲੱਬ ’ਚ ਮੈਨੂੰ ਕਿਸੇ ਵੱਡੀ ਉਮਰ ਦੇ ਵੱਡੇ ਲੇਖਕ ਨਾਲ ਬੈਠਣ ਦਾ ਮੌਕਾ ਮਿਲਿਆ। ਮੈਂ ਉਸਦੇ ਨਾਲ ਦੀ ਕੁਰਸੀ ’ਤੇ ਬੈਠੀ ਸਾਂ। ਉਸਨੇ ਮੈਨੂੰ ਬੀਅਰ ਲੈਣ ਲਈ ਪੁੱਛਿਆ। ਆਲੇ-ਦੁਆਲੇ ਵੇਖ ਕੇ ਮੈਂ ਕਿਹਾ—ਓ. ਕੇ. ਤੇ ਸੋਚਿਆ—ਇਸਨੂੰ ਕਿਹੜੀ ਬੀਅਰ ਚੜ੍ਹਨੀ ਆ।

ਪਰ ਇਕ ਗਲਾਸ ਤੋਂ ਬਾਅਦ ਹੀ ਲੇਖਕ ਦੀਆਂ ਅੱਖਾਂ ’ਚ ਲਾਲ ਡੋਰੇ ਤੈਰਨ ਲੱਗ ਪਏ। ਮੈਨੂੰ ਮਹਿਸੂਸ ਹੋਇਆ—ਲੇਖਕ ਚੰਚਲ ਹੋਣ ਲੱਗਾ ਹੈ। ਗੱਲਾਂ ਕਰਦੇ-ਕਰਦੇ ਅਚਾਨਕ ਕੁਝ ਖਾਸ ਗੱਲ ਦੱਸਣ ਲਈ ਉਹ ਮੇਰੇ ਹੱਥਾਂ ਨੂੰ ਛੂਹ ਲੈਂਦਾ, ਪਰ ਉਹ ਆਲੇ-ਦੁਆਲੇ ਲਈ ਵੀ ਸੁਚੇਤ ਸੀ। ਸ਼ਾਇਦ ਉਸਨੂੰ ਮੇਰਾ ਨਸ਼ਾ ਚੜ੍ਹ ਗਿਆ। “ਡ੍ਰਿੰਕ ਲੈਣ ਤੋਂ ਬਾਅਦ, ਨਜ਼ਰਾਂ ’ਚ ਮੈਲ ਆ ਜਾਂਦੀ ਏ” ਉਸਨੇ ਮੈਨੂੰ ਕਿਹਾ। ਇਹ ਚੰਚਲ ਨਹੀਂ ਸ਼ਰਾਰਤੀ ਹੋ ਰਿਹਾ ਏ—ਕਹਾਣੀ ਦੀ ਤਲਾਸ਼ ਕਰ ਰਿਹੈ। ਉਹ ਮੈਨੂੰ ਉਕਸਾਹਟ ’ਤੇ ਲੈ ਆਉਣ ਦੀ ਕੋਸ਼ਿਸ਼ ’ਚ ਸੀ। ਉਸ ਆਪਣਾ ਤੀਰ ਫੇਰ ਛੱਡਿਆ—“ਕੀ ਤੂੰ ਮਰਦ ਦੀਆਂ ਨਜ਼ਰਾਂ ਨੂੰ ਪਹਿਚਾਣ ਲੈਂਦੀ ਏਂ”, ਮੇਰਾ ਹਾਸਾ ਨਿਕਲ ਆਇਆ, “ਬਿਲਕੁਲ ਨਹੀਂ—ਨਜ਼ਰਾਂ ’ਚ ਮੈਲ ਜੋ ਆ ਜਾਂਦੀ ਏ।”

* * * * *